# ਮਿਤੀ 2.3.2012 ਨੂੰ ਸ੍ਰੀ ਅਰੁਣੇਸ਼ ਸ਼ਾਕਿਰ, ਮਾਨਯੋਗ ਕਿਰਤ ਮੰਤਰੀ ਪੰਜਾਬ ਅਤੇ ਚੇਅਰਮੈਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਵੇਅਰ ਬੋਰਡ ਦੀ ਪ੍ਰਧਾਨਗੀ ਹੇਠ ਬੋਰਡ ਦੀ ਛੇਵੀ ਮੀਟਿੰਗ ਦੀ ਕਾਰਵਾਈ ਰਿਪੋਰਟ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਛੇਵੀਂ ਮੀਟਿੰਗ ਮਿਤੀ 2.3.2012 ਨੂੰ ਬੋਰਡ ਦੇ ਚੇਅਰਮੈਨ ਮਾਨਯੋਗ ਕਿਰਤ ਮੰਤਰੀ ਸ੍ਰੀ ਅਰੁਣੇਸ ਸ਼ਾਕਿਰ ਜੀ ਦੀ ਪ੍ਰਧਾਨਗੀ ਹੇਠ ਬਾਅਦ ਦੁਪਹਿਰ 1.00 ਵਜੇ ਸਰਕਟ ਹਾਊਸ ਸੈਕਟਰ 39 ਚੰਡੀਗੜ੍ਹ ਵਿੱਖੇ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰਾਂ/ਨੁਮਾਇੰਦਿਆਂ ਨੇ ਭਾਗ ਲਿਆ: –

| | | |
|---|---|---|
| 1. | ਸ੍ਰੀ ਆਰ.ਸੀ.ਨੱਯਰ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ | ਮੈਂਬਰ |
| 2. | ਸ੍ਰੀ ਪ੍ਰਭਜੋਤ ਸਿੰਘ ਮੰਡ, ਆਈ.ਏ.ਐਸ<br>ਕਿਰਤ ਕਮਿਸ਼ਨਰ ਪੰਜਾਬ | ਮੈਂਬਰ ਸਕੱਤਰ |
| 3. | ਸ੍ਰੀ ਵੀ.ਕੇ ਮੀਨਾ, ਆਈ.ਏ.ਐਸ<br>ਸਪੈਸ਼ਲ ਸਕੱਤਰ, ਪੰਜਾਬ ਸਰਕਾਰ,<br>ਲੋਕ ਨਿਰਮਾਣ ਵਿਭਾਗ,<br>(ਬੀ ਐਂਡ ਆਰ), ਪੰਜਾਬ | ਨੁਮਾਇੰਦਾ<br>ਪ੍ਰਮੁੱਖ ਸਕੱਤਰ/ਸਕੱਤਰ<br>ਪੰਜਾਬ ਸਰਕਾਰ, ਲੋ.ਨਿ.ਵਿ (ਭ ਤੇ ਮ) |
| 4. | ਸ੍ਰੀ, ਜਗਮੋਹਨ ਸਿੰਘ,<br>ਕਾਰਜਕਾਰੀ ਇੰਜੀਨੀਅਰ,<br>ਵਾਟਰ ਰੀਸੋਰਸਿਜ਼, ਹੈਡ ਆਫਿਸ,<br>ਚੰਡੀਗੜ੍ਹ। | ਨੁਮਾਇੰਦਾ<br>ਪ੍ਰਮੱਖ ਸਕੱਤਰ/ ਸਕੱਤਰ,<br>ਸਿੰਚਾਈ ਵਿਭਾਗ, ਪੰਜਾਬ |
| 5. | ਸ਼੍ਰੀ ਕਰਤਾਰ ਸਿੰਘ ਰਠੋਰ,<br>ਭਾਰਤੀਆਂ ਮਜਦੂਰ ਸੰਘ<br>ਜਲੰਧਰ। | ਮੈਂਬਰ |

ਮੀਟਿੰਗ ਦੇ ਆਰੰਭ ਵਿੱਚ ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ ਵਲੋਂ ਮਾਨਯੋਗ ਕਿਰਤ ਮੰਤਰੀ ਅਤੇ ਚੇਅਰਮੈਨ ਬੋਰਡ ਜੀ ਦੀ ਪ੍ਰਵਾਨਗੀ ਨਾਲ ਹਾਜਰ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ ਕਿ ਬੋਰਡ ਦੀ ਛੇਵੀਂ ਮੀਟਿੰਗ ਜੋ ਮਿਤੀ 26.12.2012 ਨੂੰ ਨਿਸ਼ਚਿਤ ਹੋਈ ਸੀ, ਉਹ ਰਾਜ ਵਿੱਚ ਮਿਤੀ 24.12.2012 ਨੂੰ ਚੋਣ ਜਾਬਤਾ ਲਾਗੂ ਹੋ ਜਾਣ ਕਰਕੇ ਕੈਂਸਲ ਕਰਨੀ ਪਈ ਸੀ। ਹੁਣ ਮਾਨਯੋਗ ਸੁਪਰੀਮ ਕੋਰਟ ਵਿੱਚ ਦਾਇਰ ਰਿਟ ਪਟੀਸ਼ਨ ਨੰ: 318 ਆਫ 2006 ਵਿੱਚ ਕੰਟੈਂਪਟ ਪਟੀਸ਼ਨ ਨੰ: 41 ਤੋਂ 44 ਆਫ 2011 ਦਾ ਮਿਤੀ 7.2.2012 ਨੂੰ ਫੈਸਲਾ ਕਰਦੇ ਹੋਏ ਮਾਨਯੋਗ ਅਦਾਲਤ ਵਲੋਂ ਕੁਝ ਰਾਜਾਂ ਦੇ ਬੋਰਡਾਂ ਸਬੰਧੀ ਕੁਝ ਨੁਕਤਿਆਂ ਬਾਰੇ 4 ਹਫਤਿਆਂ ਦੇ ਵਿਚ ਹਲਫੀਆ ਬਿਆਨ ਦਾਇਰ ਕਰਨ ਲਈ ਕਿਹਾ ਹੈ। ਹਲਫੀਆ ਬਿਆਨ ਦਾਇਰ ਕਰਨ ਤੋਂ ਪਹਿਲਾਂ ਕੁਝ ਨੁਕਤੇ ਬੋਰਡ ਪਾਸੋਂ ਪ੍ਰਵਾਨ ਕਰਵਾਣ ਦੀ ਲੋੜ ਸੀ ਜਿਸ ਕਰਕੇ ਮੁੱਖ ਚੋਣ ਅਫਸਰ ਪਾਸੋਂ ਬੋਰਡ ਦੀ ਮੀਟਿੰਗ ਕਰਵਾਣ ਦੀ ਪ੍ਰਵਾਨਗੀ ਮੰਗੀ ਗਈ ਸੀ, ਜੋ ਉਨ੍ਹਾਂ ਨੇ ਆਪਣੇ ਪਤਰ ਮਿਤੀ 27.2.2012 ਰਾਹੀਂ ਦੇ ਦਿੱਤੀ ਹੈ। ਇਸ ਉਪਰੰਤ ਅਜੰਡਾ, ਸਪਲੀਮੈਂਟਰੀ ਅਜੰਡਾ ਨੰ: 1 ਅਤੇ ਸਪਲੀਮੈਂਟਰੀ ਅਜੰਡਾ ਨੰ: 2 ਤੇ ਵਿਸਥਾਰਪੂਰਵਕ ਵਿਚਾਰ ਕੀਤਾ ਗਿਆ ਅਤੇ ਵੱਖ-ਵੱਖ ਮੱਦਾਂ ਤੇ ਹੇਠ ਅਨੁਸਾਰ ਫੈਸਲੇ ਕੀਤੇ ਗਏ: –

## ਆਇਟਮ ਨੰ: 1 ਬੋਰਡ ਦੀ ਪੰਜਵੀਂ ਮੀਟਿੰਗ ਮਿਤੀ 28.6.2011 ਦੀ ਕਾਰਵਾਈ ਦੀ ਪੁਸ਼ਟੀ।

ਮੈਂਬਰ ਸਾਹਿਬਾਨ ਵਲੋਂ ਪੰਜਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

## ਆਈਟਮ ਨੰ:2 ਬੋਰਡ ਦੀ ਪੰਜਵੀਂ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।

ਸਕੱਤਰ ਵਲੋਂ ਬੋਰਡ ਦੀ ਪੰਜਵੀਂ ਮੀਟਿੰਗ ਵਿੱਚ ਆਇਟਮ-ਵਾਈਜ਼ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਜਿਸ ਬਾਰੇ ਹਾਜਰ ਮੈਂਬਰ ਸਾਹਿਬਾਨ ਵਲੋਂ ਆਪਣੀ ਸਹਿਮਤੀ ਦਿੱਤੀ ਅਤੇ ਕੁਝ ਫੈਸਲੇ ਲਏ ਜੋ ਹੇਠ ਲਿਖੇ ਅਨੁਸਾਰ ਹਨ: –

| | |
|---|---|
| ਚੋਥੀ ਮੀਟਿੰਗ ਦੀ ਆਈਟਮ ਨੰ: 2 ਦਾ ਫੈਸਲਾ ਨੰ: 2 | **ਕਿਰਤ ਵਿਭਾਗ ਦੇ ਅਧਿਕਾਰੀਆਂ ਵਲੋਂ ਘੱਟ ਸੈਸ ਇਕਤਰ ਕਰਨ ਬਾਰੇ।**<br>ਜਿਨ੍ਹਾਂ ਅਧਿਕਾਰੀਆਂ ਦਾ ਜਵਾਬ ਤਸਲੀਬਖਸ਼ ਨਹੀਂ ਪਾਇਆ ਗਿਆ ਉਨ੍ਹਾਂ ਨੂੰ ਬਣਦੇ ਨਿਯਮਾਂ ਤਹਿਤ ਦੋਸ਼-ਸੂਚੀ ਜਾਰੀ ਕਰਨ ਬਾਰੇ ਸਰਕਾਰ ਨੂੰ ਖਰੜਾ ਬਣਾ ਕੇ ਭੇਜਿਆ ਜਾਵੇ। |
| ਚੋਥੀ ਮੀਟਿੰਗ ਦੀ ਆਈਟਮ ਨੰ: 4 | **ਪੰਜੀਕ੍ਰਿਤ ਕਿਰਤੀਆਂ ਵਲੋਂ ਜਮਾਂ ਕਰਵਾਈ ਜਾਂਦੀ ਅੰਸ਼ਦਾਨ ਰਾਸ਼ੀ ਘਟਾਉਣ ਬਾਰੇ।**<br>ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਅੰਸ਼ਦਾਨ ਵਜੋਂ ਨਿਰਧਾਰਤ 10 ਰੁਪਏ ਪ੍ਰਤੀ ਮਹੀਨਾ ਦੀ ਰਕਮ ਘਟਾ ਕੇ 5 ਰੁਪਏ ਪ੍ਰਤੀ ਮਹੀਨਾ ਕਰਨ ਦੀ ਸਹੂਲਤ ਮਿਤੀ 31.12.2011 ਤੱਕ ਹੀ ਦੇਣ ਸਬੰਧੀ ਸਰਕਾਰ ਨੂੰ ਅਧਿਸੂਚਨਾ ਜਾਰੀ ਕਰਨ ਲਈ ਲਿਖਣ ਬਾਰੇ ਫੈਸਲਾ ਕੀਤਾ ਗਿਆ ਸੀ। ਹੁਣ ਕਿਉਂਕਿ ਇਹ ਮਿਤੀ ਲੰਘ ਚੁੱਕੀ ਹੈ, ਇਸ ਲਈ ਇਸ ਮੁਤਾਬਕ ਸਰਕਾਰ ਨੂੰ ਲਿਖ ਦਿੱਤਾ ਜਾਵੇ। |
| ਚੋਥੀ ਮੀਟਿੰਗ ਦੀ ਸਪਲੀਮੈਂਟਰੀ ਆਈਟਮ ਨੰ: 2 | **ਕਿਰਤ ਵਿਭਾਗ ਦੇ ਅਧਿਕਾਰੀਆਂ ਵਲੋਂ ਕੈਮਰੇ ਦੀ ਖ੍ਰੀਦ ਕਰਨ ਬਾਰੇ।**<br>ਸਹਾਇਕ ਕਿਰਤ ਕਮਿਸ਼ਨਰ ਬਟਾਲਾ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਲੋਂ ਅਜੇ ਤੀਕ ਕੈਮਰੇ ਨਹੀਂ ਖਰੀਦੇ ਗਏ ਹਨ। ਇਸ ਲਈ ਉਨ੍ਹਾਂ ਦੀ ਜਵਾਬ ਤਲਬੀ ਕੀਤੀ ਜਾਵੇ। |
| ਪੰਜਵੀ ਮੀਟਿੰਗ ਦੀ ਆਈਟਮ ਨੰ: 6 | **ਸਲਾਹਕਾਰ ਬੋਰਡ ਦੇ ਮੁਬਾਇਲ ਦੇ ਖਰਚੇ ਦੀ ਪ੍ਰਤੀ ਪੂਰਤੀ ਬਾਰੇ।**<br>ਸਲਾਹਕਾਰ, ਬੋਰਡ ਨੂੰ ਮੁਬਾਇਲ ਦੇ ਖਰਚੇ ਬਾਰੇ ਫੈਸਲਾ ਲਿਆ ਗਿਆ ਕਿ ਉਨ੍ਹਾਂ ਨੂੰ ਸਰਕਾਰ ਵਲੋਂ ਪ੍ਰਾਪਤ 500/- ਰੁਪਏ ਦੇ ਮੁਬਾਇਲ ਅਲਾਊਂਸ ਤੋਂ ਵੱਧ ਦੇ ਖਰਚੇ ਦੀ 1500/- ਰੁਪਏ ਤੱਕ ਦੀ ਬੋਰਡ ਵਲੋਂ ਪ੍ਰਤੀ ਪੁਰਤੀ ਕੀਤੀ ਜਾਵੇ। |
| ਪੰਜਵੀਂ ਮੀਟਿੰਗ ਦੀ ਸਪਲੀਮੈਂਟਰੀ ਆਈਟਮ ਨੰ: 3 (ਭਾਗ ਦੂਜਾ) | **ਸੇਫਟੀ ਮੈਨੁਅਲ ਬਾਰੇ।**<br>ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਰੂਲਜ਼ 2008 ਵਿੱਚ ਸੇਫਟੀ ਸਬੰਧੀ ਰੂਲ ਦਰਜ ਕੀਤੇ ਹੋਏ ਹਨ। ਇਸ ਲਈ ਇਨ੍ਹਾਂ ਰੂਲਾਂ ਦੀ ਪ੍ਰਿੰਟਡ ਕਾਪੀ (ਇਕ ਮੈਨੁਅਲ ਦੇ ਰੂਪ ਵਿੱਚ) ਸਿੰਚਾਈ ਅਤੇ ਪਾਵਰ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਨੂੰ ਭੇਜ ਦਿੱਤੀ ਜਾਵੇ ਤਾਂ ਜੋ ਉਸ ਦੇ ਅਧਾਰ ਤੇ ਉਹ ਆਪਣੇ ਸੇਫਟੀ ਮੈਨੁਅਲ ਨਾਲ ਮਿਲਾਨ ਕਰ ਸਕਣ। |

## ਆਇਟਮ ਨੰ: 3 ਉਸਾਰੀ ਕਿਰਤੀਆਂ ਨੂੰ ਪੰਜੀਕ੍ਰਿਤ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਕਰਨ ਸਬੰਧੀ ਕਾਪੀਆਂ ਦੀ ਛਪਾਈ ਸਬੰਧੀ ਕੀਤੇ ਖਰਚੇ ਦੀ ਕਾਰਜ ਬਾਅਦ ਪ੍ਰਵਾਨਗੀ ਬਾਰੇ।

ਬੋਰਡ ਵਲੋਂ ਪੰਜੀਕ੍ਰਿਤ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਸਬੰਧੀ 50 ਹਜ਼ਾਰ ਕਾਪੀਆਂ ਦੀ ਛਪਾਈ ਤੇ ਕੀਤੇ 3,61,906/- ਰੁਪਏ ਦੇ ਖਰਚੇ ਦੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

## ਆਇਟਮ ਨੰ: 4 ਕਿਰਤ ਵਿਭਾਗ ਵਲੋਂ ਰਾਜ ਵਿੱਚ ਬਾਲ ਮਜ਼ਦੂਰੀ ਖਾਤਮਾ ਸਪਤਾਹ ਦਿਵਸ ਅਤੇ ਮਈ ਦਿਵਸ 2010 ਦੇ ਇੰਤਜਾਮ ਲਈ ਬੋਰਡ ਵਲੋਂ ਕੀਤੇ ਖਰਚੇ ਦੀ ਕਾਰਜ ਬਾਅਦ ਪ੍ਰਵਾਨਗੀ ਬਾਰੇ।

ਬੋਰਡ ਵਲੋਂ ਹੇਠ ਲਿਖੇ ਅਨੁਸਾਰ ਕੀਤੇ ਗਏ ਖਰਚਿਆਂ ਦੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ: -

1. **ਰਾਜ ਵਿੱਚ ਮਿਤੀ 6.6.2010 ਤੋਂ 12.6.2010 ਤੱਕ ਬਾਲ ਮਜ਼ਦੂਰੀ ਖਾਤਮਾ ਸਪਤਾਹ ਮਨਾਉਣ ਲਈ ਬੋਰਡ ਦੇ ਫੰਡਜ਼ ਵਿੱਚੋਂ 1,35,095 ਰੁਪਏ ਦੀ ਖਰਚ ਕੀਤੀ ਗਈ ਰਕਮ।**
2. **ਰਾਜ ਦੇ ਸਮੂਹ ਕਿਰਤੀ ਵਰਗ ਲਈ ਲੁਧਿਆਣਾ ਵਿਖੇ ਮਈ ਦਿਵਸ 2010 ਮਨਾਉਣ ਸਬੰਧੀ ਬੋਰਡ ਦੇ ਫੰਡਜ਼ ਵਿੱਚੋਂ 2,37,557 ਰੁਪਏ ਦੀ ਖਰਚ ਕੀਤੀ ਰਕਮ।**

ਇਹ ਵੀ ਫੈਸਲਾ ਲਿਆ ਗਿਆ ਕਿ ਅਜਿਹੇ ਖਰਚਿਆਂ ਲਈ ਅੱਗੇ ਤੋਂ ਬੱਜਟ ਵਿੱਚ ਉਪਬੰਧ ਕੀਤਾ ਜਾਇਆ ਕਰੇ।

## ਆਇਟਮ ਨੰ: 5 ਬੋਰਡ ਦੇ ਸਾਲ 2008-2009, 2009-2010 ਅਤੇ 2010-2011 ਦੇ ਤਿਆਰ ਕੀਤੇ ਲੇਖਿਆਂ ਬਾਰੇ।

ਬੋਰਡ ਵਲੋਂ ਸਾਲ 2008-2009, 2009-2010 ਅਤੇ 2010-2011 ਦੇ ਅਨੁਲਗ **'ਕ'** **'ਖ'** ਅਤੇ **'ਗ'** ਤੇ ਰੱਖੇ ਸਲਾਨਾ ਲੇਖਿਆਂ ਨੂੰ ਪ੍ਰਵਾਨ ਕੀਤਾ ਗਿਆ ਅਤੇ ਆਡਿਟ ਕਰਵਾਉਣ ਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਗਈ।

## ਆਇਟਮ ਨੰ: 6 ਬੋਰਡ ਦੇ ਸਾਲ 2011-2012 ਦੇ ਸੋਧੇ ਬੱਜਟ ਅਤੇ ਸਾਲ 2012-2013 ਦੇ ਅਨੁਮਾਨਤ ਬੱਜਟ ਦੀ ਪ੍ਰਵਾਨਗੀ ਬਾਰੇ।

ਬੋਰਡ ਦਾ ਸਾਲ 2011-2012 ਦਾ ਸੋਧਿਆ ਬੱਜਟ ਅਤੇ ਸਾਲ 2012-2013 ਦਾ ਅਨੁਮਾਨਤ ਬੱਜਟ ਬੋਰਡ ਵਲੋਂ ਵਿਚਾਰਨ ਉਪਰੰਤ ਪਾਸ ਕੀਤਾ ਗਿਆ।

## ਆਈਟਮ ਨੰ: 7 ਬੋਰਡ ਵਿੱਚ ਖੇਤਰੀ ਅਧਿਕਾਰੀਆਂ ਦੇ ਦਫਤਰਾਂ ਵਿੱਚ ਸਰਵਿਸ ਪ੍ਰੋਵਾਈਡਰ ਰਾਹੀਂ ਠੇਕੇ ਤੇ ਨਿਯੁਕਤ ਅਧਿਕਾਰੀ/ਕਰਮਚਾਰੀਆਂ ਦੀਆਂ ਸੇਵਾਵਾਂ ਚਲਦਾ ਰੱਖਣ ਬਾਰੇ।

ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਸਰਵਿਸ ਪ੍ਰੋਵਾਈਡਰ ਵਲੋਂ ਉਪਲਬਧ ਕਰਵਾਏ ਗਏ ਸਟਾਫ ਦੀ ਮਿਆਦ ਮਿਤੀ 31.3.2012 ਤੋਂ ਅਗੇ ਚਾਲੂ ਰੱਖਣ ਲਈ ਮੰਜ਼ੂਰੀ ਦੇਣ ਤੋਂ ਪਹਿਲਾਂ ਇਨ੍ਹਾਂ ਕਰਮਚਾਰੀਆਂ ਦੇ ਕੰਮਕਾਜ ਬਾਰੇ ਉਨ੍ਹਾਂ ਦੇ ਇੰਚਾਰਜ਼ਾਂ ਪਾਸੋਂ ਸਰਟੀਫਿਕੇਟ ਪ੍ਰਾਪਤ ਕੀਤੇ ਜਾਣ ਅਤੇ ਚੋਣ ਜਾਬਤਾ ਖਤਮ ਹੋਣ ਤੋਂ ਬਾਅਦ ਇਨ੍ਹਾਂ ਦੀ ਮਿਆਦ ਵਿੱਚ ਅਗੇ ਵਾਧਾ ਕਰਨ ਲਈ ਫੈਸਲਾ ਲੈਣ ਲਈ ਅਤੇ ਸਰਵਿਸ ਪ੍ਰੋਵਾਈਡਰ ਦੇ ਠੇਕੇ ਦੀ ਮਿਆਦ ਵਿੱਚ ਵੀ ਮਿਤੀ 31.3.2012 ਤੋਂ ਬਾਅਦ ਵਾਧਾ ਕਰਨ ਬਾਰੇ ਸਰਕਾਰ ਨੂੰ ਅਧਿਕਾਰਤ ਕੀਤਾ ਗਿਆ। ਇਹ ਵੀ ਫੈਸਲਾ ਲਿਆ ਗਿਆ ਕਿ ਫੀਲਡ ਅਧਿਕਾਰੀਆਂ ਨਾਲ ਸਰਵਿਸ ਪ੍ਰੋਵਾਈਡਰ ਦੇ ਰਖੇ ਸਟਾਫ ਦਾ ਡਿਊਟੀ ਚਾਰਟਰ ਤਿਆਰ ਕੀਤਾ ਜਾਵੇ।

## ਸਪਲੀਮੈਂਟਰੀ ਆਇਟਮ ਨੰ: 1 ਬੋਰਡ ਦੀ ਗਤੀਵਿਧੀਆਂ ਸਬੰਧੀ 2010-2011 ਦੀ ਸਲਾਨਾ ਰਿਪੋਰਟ ਦੀ ਪ੍ਰਵਾਨਗੀ ਬਾਰੇ।

ਬੋਰਡ ਵਲੋਂ ਸਾਲ 2010-2011 ਦੀਆਂ ਗਤੀਵਿਧੀਆਂ ਸਬੰਧੀ ਸਲਾਨਾ ਰਿਪੋਰਟ ਵਿਚਾਰਣ ਉਪਰੰਤ ਪ੍ਰਵਾਨ ਕੀਤੀ ਗਈ।

## ਸਪਲੀਮੈਂਟਰੀ ਆਈਟਮ ਨੰ: 2 ਜਨਰਲ।

**ਬੋਰਡ ਵਲੋਂ ਇਸ ਆਈਟਮ ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਆਪਣੀ ਸਹਿਮਤੀ ਪ੍ਰਗਟਾਈ ਗਈ: -**

ਮਾਨਯੋਗ ਸੁਪਰੀਮ ਕੋਰਟ ਵਲੋਂ ਦਿਤੇ ਹੁਕਮ ਮਿਤੀ 7.2.2012 ਵਿਚ ਦਿਤੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਬੋਰਡ ਵਲੋਂ ਇਸ ਆਈਟਮ ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

1. ਸਕੱਤਰ ਬੋਰਡ ਵਲੋਂ ਰਾਸ਼ਟ੍ਰੀਅ ਸਵਾਸਥ ਬੀਮਾ ਯੋਜਨਾ ਦੇ ਸਾਰੇ ਪੱਖਾਂ ਬਾਰੇ ਮੈਂਬਰਾਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਮਿਤੀ 7.2.2012 ਨੂੰ ਮੁੱਖ ਰੱਖਦੇ ਹੋਏ ਪੰਜੀਕ੍ਰਿਤ ਕਿਰਤੀਆਂ ਨੂੰ ਰਾਸ਼ਟ੍ਰੀਅ ਸਵਾਸਥ ਬੀਮਾ ਯੋਜਨਾ ਦਾ ਲਾਭ ਦੇਣ ਬਾਰੇ ਨੋਡਲ ਏਜੰਸੀ ਨਾਲ MOU ਹਸਤਾਖਰ ਕਰਨ, ਸਕੀਮ ਸਬੰਧੀ ਲਾਭਪਾਤਰੀਆਂ ਦੇ ਪ੍ਰੀਮੀਅਮ ਦੀ ਐਡਵਾਂਸ ਰਕਮ ਜਮਾਂ ਕਰਾਉਣ, ਉਸਾਰੀ ਕਿਰਤੀਆਂ ਦੀ ਜਾਣਕਾਰੀ ਲਈ ਸਕੀਮ ਦਾ ਟੀ.ਵੀ, ਰੇਡੀਓ, ਪੈਂਫਲੇਟਸ, ਪੋਸਟਰਾਂ, ਅਖਬਾਰਾਂ ਅਤੇ ਹੋਰ ਸੰਚਾਰ ਮਾਧਿਅਮਾਂ ਰਾਹੀਂ ਪ੍ਰਚਾਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਹੋਰ ਪ੍ਰਬੰਧਕੀ ਫੈਸਲੇ ਲੈਣ ਲਈ ਬੋਰਡ ਵਲੋਂ ਸਕੱਤਰ ਨੂੰ ਅਧਿਕਾਰ ਦਿੱਤੇ ਗਏ।
2. ਲਾਭਪਾਤਰੀ ਉਸਾਰੀ ਕਿਰਤੀਆਂ ਨੂੰ ਮੁੱਖ ਸਕੱਤਰ ਪੰਜਾਬ ਦੁਆਰਾ ਜਾਰੀ ਕੀਤੇ ਅੱਧ-ਸਰਕਾਰੀ ਪੱਤਰ ਮਿਤੀ 16.12.2011 ਦੇ ਅਧਾਰ ਤੇ ਲਏ ਫੈਸਲੇ ਅਨੁਸਾਰ ਡਿਪਟੀ ਕਮਿਸ਼ਨਰਾਂ ਦੀ ਪੱਧਰ ਤੇ ਭਲਾਈ ਸਕੀਮਾਂ ਅਧੀਨ ਲਾਭ ਦੇਣ ਸਬੰਧੀ ਫੈਸਲੇ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਬੋਰਡ ਵਿੱਚ ਪ੍ਰਾਪਤ 1393 ਅਰਜ਼ੀਆਂ ਵਿੱਚੋਂ ਜੋ 1041 ਅਰਜ਼ੀਆਂ ਠੀਕ ਪਾਈਆਂ ਗਈਆਂ ਉਨ੍ਹਾਂ ਦੀ ਮੰਜ਼ੂਰੀ ਸਕੱਤਰ ਦੇ ਪੱਧਰ ਤੇ ਦੇਣ ਲਈ ਵੀ ਸਹਿਮਤੀ ਪ੍ਰਗਟ ਕੀਤੀ ਗਈ।
3. ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਜਾਣਕਾਰੀ ਲਈ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਤਿਆਰ ਕਰਵਾਈਆਂ ਆਡਿਓ ਜਿੰਗਲ ਅਤੇ ਵੀਡੀਓ ਡਾਕੂਮੈਂਟਰੀ ਸਬੰਧੀ ਬਣਦੀ **32.26 ਲੱਖ** ਰੁਪਏ ਦੀ ਰਕਮ ਦੀ ਅਦਾਇਗੀ ਕਰਕੇ ਮੁੱਖ ਚੋਣ ਅਫਸਰ ਪੰਜਾਬ ਤੋਂ ਮਿਲੀ ਪ੍ਰਵਾਨਗੀ ਦੇ ਸਨਮੁੱਖ, ਤੁਰੰਤ ਰਿਲੀਜ਼ ਕਰਾਉਣ ਸਬੰਧੀ ਸਹਿਮਤੀ ਦਿੱਤੀ ਗਈ।
4. ਉਸਾਰੀ ਕਿਰਤੀ ਜੋ ਕੰਮ ਦੀ ਉਡੀਕ ਲਈ ਚੋਂਕਾ ਵਿੱਚ ਖੜੇ ਹੁੰਦੇ ਹਨ, ਵਾਸਤੇ ਲੇਬਰ ਸ਼ੈਡਾਂ ਦਾ ਨਿਰਮਾਣ ਕਰਨ ਸਬੰਧੀ ਪ੍ਰਮੁੱਖ ਸਕੱਤਰ ਕਿਰਤ ਵਲੋਂ ਦਿੱਤੀ ਤਜਵੀਜ਼ ਨੂੰ ਬੋਰਡ ਵਲੋਂ ਇਹ ਲਾਹੇਵੰਦ ਸਕੀਮ ਮੰਨਦੇ ਹੋਏ ਇਸ ਦੀ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ ਕਿ ਇਸ ਸਬੰਧੀ ਕਿਰਤ ਵਿਭਾਗ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰਾਂ ਨੂੰ ਲਿਖਿਆ ਜਾਵੇ ਕਿ ਉਹ ਲੋੜ ਅਨੁਸਾਰ ਬੋਰਡ ਵਲੋਂ ਜਮੀਨ ਦੀ ਖ੍ਰੀਦ ਅਤੇ ਨਿਰਮਾਣ ਸਬੰਧੀ ਤਜਵੀਜ਼ ਪੇਸ਼ ਕਰਨ ਅਤੇ ਉਸ ਉਪਰੰਤ ਢੁੱਕਵੀ ਸਕੀਮ ਬਣਾਕੇ ਬੋਰਡ ਦੀ ਪ੍ਰਵਾਨਗੀ ਲਈ ਪੇਸ਼ ਕੀਤੀ ਜਾਵੇ।
5. ਪ੍ਰਮੱਖ ਸਕੱਤਰ ਕਿਰਤ ਵਲੋਂ ਦਿੱਤੀ ਤਜਵੀਜ਼ ਅਨੁਸਾਰ ਬੋਰਡ ਵਲੋਂ ਉਸਾਰੀ ਕਿਰਤੀਆਂ ਨੂੰ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਇਸ਼ਤਿਹਾਰ ਕੇਵਲ ਹਿੰਦੀ ਅਤੇ ਪੰਜਾਬੀ ਅਖਬਾਰਾਂ ਵਿੱਚ ਦੇਣਾ ਪ੍ਰਵਾਨ ਕੀਤਾ ਕਿਉਂਕਿ ਮਜ਼ਦੂਰਾਂ ਦੀ ਬਹੁ-ਗਿਣਤੀ ਹਿੰਦੀ/ਪੰਜਾਬੀ ਭਾਸ਼ਾ ਹੀ ਸਮਝਦੀ ਹੈ। ਇਸ ਤੋਂ ਇਲਾਵਾ ਇਕ ਇਸ਼ਤਿਹਾਰ ਹਿੰਦੀ ਅਤੇ ਪੰਜਾਬੀ ਅਖਬਾਰਾਂ ਵਿੱਚ ਤੁਰੰਤ ਦੇਣ ਅਤੇ ਠੇਕੇਦਾਰਾਂ/ਸਰਕਾਰੀ ਮਹਿਕਮਿਆਂ ਨੂੰ ਜਾਣਕਾਰੀ ਦੇਣ ਲਈ ਵਖਰੇ ਇਸ਼ਤਿਹਾਰ ਜੋਕਿ ਅੰਗ੍ਰੇਜੀ ਅਖਬਾਰਾਂ ਵਿੱਚ ਦਿਤੇ ਜਾ ਸਕਦੇ ਹਨ, ਬਾਰੇ ਤਜਵੀਜ਼ ਵੀ ਬੋਰਡ ਵਲੋਂ ਪ੍ਰਵਾਨ ਕੀਤੀ ਗਈ।
6. ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਮਿਤੀ 7.2.2012 ਨੂੰ ਮੁੱਖ ਰੱਖਦੇ ਹੋਏ ਸ਼ੈਡਿਊਲਡ ਬੈਂਕਾ ਵਿੱਚ ਬੋਰਡ ਦੇ ਸੇਵਿੰਗ ਖਾਤਿਆਂ ਵਿੱਚ ਪਈ ਰਾਸ਼ੀ ਨੂੰ ਕੇਵਲ ਨੈਸ਼ਨਲਾਈਜ਼ਡ ਬੈਂਕਾ ਵਿੱਚ ਬਤੋਰ ਐਫ.ਡੀ ਨਿਵੇਸ਼ ਕਰਨ ਬਾਰੇ ਬੋਰਡ ਵਲੋਂ ਸਹਿਮਤੀ ਦਿੱਤੀ ਗਈ। ਜਿਥੋਂ ਤੀਕ ਸ਼ੈਡਿਊਲਡ ਬੈਂਕਾ ਵਿੱਚ ਐਫ.ਡੀ ਵਿੱਚ ਨਿਵੇਸ਼ ਕੀਤੀ ਰਾਸ਼ੀ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਐਡ.ਡੀ.ਆਰਜ਼ ਤੁੜਵਾਉਣ ਦਾ ਸਬੰਧ ਹੈ, ਇਸ ਬਾਰੇ ਬੋਰਡ ਵਲੋਂ ਪ੍ਰੇਖਣ ਕੀਤਾ ਗਿਆ ਕਿ ਐਫ.ਡੀਜ਼ ਨੂੰ ਮਿਆਦ ਤੋਂ ਪਹਿਲਾਂ ਤੁੜਵਾਉਣ ਕਾਰਣ ਬੋਰਡ ਨੂੰ ਤਕਰੀਬਨ 1.48 ਕਰੋੜ ਰੁਪਏ ਦਾ ਵਿਆਜ ਦਾ ਘਾਟਾ ਪਾਉਣਾ ਉਚਿਤ ਨਹੀਂ ਹੈ, ਕਿਉਂਕਿ ਇਹ ਸਾਰੀ ਰਕਮ ਕਿਰਤੀਆਂ ਦੀ ਭਲਾਈ ਸਕੀਮਾਂ ਤੇ ਹੀ ਖਰਚ ਕੀਤੀ ਜਾਣੀ ਹੈ। ਇਸ ਲਈ ਫੈਸਲਾ ਕੀਤਾ ਗਿਆ ਕਿ ਇਹ ਐਫ.ਡੀ.ਆਰ ਅਜ੍ਹੇ ਨਾ ਤੁੜਵਾਈਆਂ ਜਾਣ ਅਤੇ ਮਿਆਦ ਖਤਮ ਹੋਣ ਉਪਰੰਤ ਸਾਰੀਆਂ ਮੈਚਿਊਰਿਟੀ ਦੀਆਂ ਰਕਮਾਂ ਤੁਰੰਤ ਨੈਸ਼ਨਲਾਈਜ਼ਡ ਬੈਂਕ ਵਿੱਚ ਜਮ੍ਹਾ ਕਰਵਾਈਆਂ ਜਾਣ। ਪ੍ਰਮੁੱਖ ਸਕੱਤਰ ਕਿਰਤ ਵਲੋਂ ਇਹ ਵੀ ਸੁਝਾਅ ਦਿੱਤਾ ਗਿਆ ਕਿ ਅੱਗੇ ਤੋਂ ਐਫ.ਡੀ ਤੋਂ ਇਲਾਵਾ ਬੋਰਡ ਦਾ ਕੇਵਲ ਇਕ ਖਾਤਾ ਹੀ ਨੈਸ਼ਨਲਾਈਜ਼ਡ ਬੈਂਕ ਵਿੱਚ ਉਪਰੇਟ ਕੀਤਾ ਜਾਣਾ ਯੋਗ ਹੋਵੇਗਾ, ਜਿਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

7. ਮਾਨਯੋਗ ਸੁਪਰੀਮ ਕੋਰਟ ਵਲੋਂ ਹੁਕਮ ਮਿਤੀ 7.2.2012 ਵਿੱਚ ਦਿੱਤੇ ਆਦੇਸ਼ਾਂ ਅਨੁਸਾਰ ਬੋਰਡ ਦੀ 2 ਮਹੀਨੇ ਅੰਦਰ ਮੀਟਿੰਗ ਕਰਨ ਸਬੰਧੀ ਮੱਦ ਤੇ ਵਿਚਾਰ ਕਰਦੇ ਹੋਏ ਬੋਰਡ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਰਾਜ ਵਿੱਚ ਨਵੇਂ ਮੰਤਰੀ-ਮੰਡਲ ਦਾ ਗਠਨ ਹੋਣ ਉਪਰੰਤ ਸਾਰੀ ਸਥਿਤੀ ਦੱਸਦੇ ਹੋਏ ਮਿਸਲ ਯੋਗ ਫੈਸਲਾ ਲੈਣ ਲਈ ਚੇਅਰਮੈਨ ਬੋਰਡ ਨੂੰ ਪੇਸ਼ ਕਰ ਦਿੱਤੀ ਜਾਵੇ।

ਆਖੀਰ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦੱਸਿਆ ਗਿਆ ਕਿ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (I.L.O) ਵਲੋਂ ਉਸਾਰੀ ਕਿਰਤੀਆਂ ਨੂੰ ਬਿਲਡਿੰਗ ਕੰਸਟਰਕਸ਼ਨ ਐਕਟ ਅਤੇ ਸੈਸ ਐਕਟ ਅਧੀਨ ਬਣਾਈਆਂ ਗਈਆਂ ਵੈਲਫੇਅਰ ਸਕੀਮਾਂ ਦਾ ਬਿਹਤਰ ਤਰੀਕੇ ਨਾਲ ਲਾਭ ਮੁਹਈਆ ਕਰਵਾਉਣ ਲਈ ਡਿਸਕਸ਼ਨ ਪੇਪਰ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਵੱਖ-ਵੱਖ ਰਾਜਾਂ ਵਲੋਂ ਬੁੜਾਪਾ ਪੈਂਸ਼ਨ, ਡਿਸੇਬਿਲੀਟੀ ਪੈਂਸ਼ਨ, ਦਾਹ-ਸੰਸਕਾਰ ਕਰਨ, ਮੈਟਰਨਿਟੀ ਲਾਭ, ਪ੍ਰੋਫੈਸ਼ਨਲ ਕਾਲਿਜਾਂ ਵਿੱਚ ਦਾਖਲੇ ਲਈ ਕੋਚਿੰਗ ਸਬੰਧੀ ਸਕੀਮ, ਗਰੁਪ ਇੰਸ਼ਿਉਰੈਂਸ ਸਕੀਮ ਅਤੇ ਔਜਾਰ ਖਰੀਦਣ ਲਈ ਸਕੀਮਾਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਸਕੀਮਾਂ ਨੂੰ ਘੋਖ ਲਿਆ ਜਾਵੇ ਅਤੇ ਪੰਜਾਬ ਰਾਜ ਦੀ ਸਥਿਤੀ ਅਤੇ ਲੋੜ ਅਨੁਸਾਰ ਨਵੀਆਂ ਸਕੀਮਾਂ ਤਿਆਰ ਕਰਕੇ ਬੋਰਡ ਦੀ ਪ੍ਰਵਾਨਗੀ ਹਿੱਤ ਪੇਸ਼ ਕੀਤੀਆਂ ਜਾਣ। ਇਸ ਤੋਂ ਇਲਾਵਾ Self Employment Women Association, Ahemdabad ਵਲੋਂ ਤਿਆਰ ਕੀਤੇ ਪੇਪਰ ਅਨੁਸਾਰ ਇਸਤਰੀ ਕਾਮਿਆਂ ਲਈ ਲੋੜ ਅਨੁਸਾਰ ਸਕੀਮ ਤਿਆਰ ਕਰਨ ਲਈ ਕਿਹਾ, ਜਿਸ ਨੂੰ ਬੋਰਡ ਵਲੋਂ ਸਹਿਮਤੀ ਦਿੱਤੀ ਗਈ।

ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਮੁੰਬਈ ਵਿਖੇ ਨਿਰਮਾਣ ਜੋ ਕਿ ਟਾਟਾ ਟਰਸਟ ਵਲੋਂ ਚਲਾਇਆ ਜਾ ਰਿਹਾ ਐਨ.ਜੀ.ਓ ਹੈ, ਵਲੋਂ ਨਿਰਮਾਣ ਮਜ਼ਦੂਰਾਂ ਲਈ ਸਕਿਲ ਡਿਵੈਲਪਮੈਂਟ, ਸਿਹਤ ਅਤੇ ਸਿੱਖਿਆ ਲਈ ਜੋ ਪ੍ਰੋਗਰਾਮ ਚਲਾਏ ਜਾ ਰਹੇ ਹਨ, ਉਸ ਸਬੰਧੀ ਪੇਪਰ ਦਿੰਦੇ ਹੋਏ ਇਸ ਐਨ.ਜੀ.ਓ ਸਬੰਧੀ ਬੋਰਡ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰਮੁੱਖ ਸਕੱਤਰ ਜੀ ਵਲੋਂ ਸੁਝਾਅ ਦਿੱਤਾ ਗਿਆ ਕਿ ਇਸ ਐਨ.ਜੀ.ਓ ਵਲੋਂ ਕਿਸ ਤਰ੍ਹਾਂ ਦੀਆਂ ਗਤਿ-ਵਿਧੀਆਂ ਚਲਾਈਆਂ ਜਾ ਰਹੀਆਂ ਹਨ ਸਬੰਧੀ ਬੋਰਡ ਦੇ ਅਧਿਕਾਰੀਆਂ ਵਲੋਂ ਇਸ ਦਾ ਅਧਿਅਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਐਨ.ਜੀ.ਓ ਵਲੋਂ ਜੋ ਲਾਹੇਵੰਦ ਕੰਮ ਕੀਤੇ ਜਾ ਰਹੇ ਹਨ ਉਹ ਪੰਜਾਬ ਵਿੱਚ ਵੀ ਕੀਤੇ ਜਾ ਸਕਣ। ਚੇਅਰਮੈਨ ਜੀ ਵਲੋਂ ਇਸ ਦੀ ਪ੍ਰੋੜਤਾ ਕਰਦੇ ਹੋਏ ਕਿਹਾ ਗਿਆ ਕਿ ਇਸ ਸਬੰਧੀ ਇਕ ਟੀਮ ਬਣਾਕੇ ਮੁੰਬਈ ਵਿਖੇ ਭੇਜਣੀ ਉਚਿੱਤ ਹੋਵੇਗੀ ਜੋ ਕਿ ਇਸ ਐਨ.ਜੀ.ਓ ਵਲੋਂ ਚਲਾਈਆਂ ਜਾ ਰਹੀਆਂ ਗਤੀ-ਵਿਧੀਆਂ ਦਾ ਅਧਿਅਨ ਕਰਕੇ ਬੋਰਡ ਨੂੰ ਆਪਣੀ ਰਿਪੋਰਟ ਪੇਸ਼ ਕਰੇਗੀ। ਬੋਰਡ ਵਲੋਂ ਇਸ ਨੂੰ ਸਰਵਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਮੀਟਿੰਗ ਮੈਂਬਰ ਸਾਹਿਬਾਨ ਦੇ ਧੰਨਵਾਦ ਨਾਲ ਸਮਾਪਤ ਹੋਈ।